PRAYER
316

# ਮੈਂ ਕਿਵੇਂ ਪ੍ਰਾਰਥਨਾ ਕਰਾਂ?

**ਮੈਂ ਪਰਮੇਸ਼ੁਰ ਨਾਲ ਕਿਵੇਂ ਗੱਲਬਾਤ ਕਰਾਂ?** ਪ੍ਰਾਰਥਨਾ ਪਰਮੇਸ਼ੁਰ ਨਾਲ ਗੱਲਬਾਤ ਕਰਨਾ ਹੈ। ਬਾਈਬਲ ਰਾਹੀਂ ਪਰਮੇਸ਼ੁਰ ਸਾਡੇ ਨਾਲ ਗੱਲ ਕਰ ਰਿਹਾ ਹੈ। ਆਓ ਜਾਣੀਏ ਕਿ ਬਾਈਬਲ ਸਾਨੂੰ ਪ੍ਰਾਰਥਨਾ ਬਾਰੇ ਕੀ ਸਿਖਾਉਂਦੀ ਹੈ। *"ਤਾਂ ਐਉਂ ਹੋਇਆ ਕਿ ਉਹ [ਯਿਸੂ] ਕਿਸੇ ਥਾਂ ਪ੍ਰਾਰਥਨਾ ਕਰਦਾ ਸੀ ਅਰ ਜਾਂ ਕਰ ਹਟਿਆ ਤਾਂ ਉਹ ਦੇ ਚੇਲਿਆਂ ਵਿੱਚੋਂ ਇੱਕ ਨੇ ਉਹ ਨੂੰ ਆਖਿਆ, ਪ੍ਰਭੂ ਜੀ ਸਾਨੂੰ ਪ੍ਰਾਰਥਨਾ ਕਰਨੀ ਸਿਖਾਲ,"* ਲੂਕਾ 11:1. ਉਹੀ ਪ੍ਰਾਰਥਨਾ ਕਰੋ। ਪ੍ਰਾਰਥਨਾ ਬਾਰੇ ਬਾਈਬਲ ਦੀ ਸਿੱਖਿਆ ਵਿੱਚ ਉਸਤਤ, ਧੰਨਵਾਦ, ਇਕਰਾਰ ਅਤੇ ਬੇਨਤੀਆਂ ਕਰਨਾ ਸ਼ਾਮਲ ਹੈ। ਉਸਤਤ ਪਰਮੇਸ਼ੁਰ ਨੂੰ ਉੱਚਾ ਕਰਦੀ ਹੈ, ਆਦਰ ਦਿੰਦੀ ਹੈ ਅਤੇ ਮਹਿਮਾ ਦਿੰਦੀ ਹੈ, ਜ਼ਬੂਰ 34:1-3. *"ਹਰ ਵੇਲੇ ਯਹੋਵਾਹ ਨੂੰ ਮੁਬਾਰਕ ਆਖੋ,"* ਇਬਰਾਨੀਆਂ 13:15. ਧੰਨਵਾਦ ਦਾ ਕਾਰਨ ਪਰਮੇਸ਼ੁਰ ਦੇ ਕੀਤੇ ਕੰਮ ਹਨ। *"ਯਹੋਵਾਹ ਦਾ ਧੰਨਵਾਦ ਕਰਨਾ ਭਲਾ ਹੈ,"* ਜ਼ਬੂਰ 92:1. ਇਕਰਾਰ ਦਾ ਕਾਰਨ ਸਾਡੇ ਪਾਪ ਹਨ। *"ਜੇ ਅਸੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੀਏ ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਭਈ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ,"* 1 ਯੂਹੰਨਾ 1:9. ਆਪਣੀਆਂ ਬੇਨਤੀਆਂ ਪਰਮੇਸ਼ੁਰ ਅੱਗੇ ਰੱਖੋ ਕਿਉਂਕਿ ਉਹ ਤੁਹਾਨੂੰ ਉਸ ਕੋਲੋਂ ਮੰਗਣ ਦਾ ਸੱਦਾ ਦਿੰਦਾ ਹੈ। *"ਤੁਹਾਡੀਆਂ ਅਰਦਾਸਾਂ ਪ੍ਰਾਰਥਨਾ ਅਤੇ ਬੇਨਤੀ ਨਾਲ ਧੰਨਵਾਦ ਸਣੇ ਪਰਮੇਸ਼ੁਰ ਦੇ ਅੱਗੇ ਕੀਤੀਆਂ ਜਾਣ,"* ਫ਼ਿਲਿੱਪੀਆਂ 4:6. ਤੁਹਾਡੀਆਂ ਆਤਮਕ ਅਤੇ ਸਰੀਰਕ ਜ਼ਰੂਰਤਾਂ ਪੂਰੀਆਂ ਕਰਨ ਲਈ ਪਰਮੇਸ਼ੁਰ ਅੱਗੇ ਕੀਤੀਆਂ ਜਾਣ ਵਾਲੀਆਂ ਬੇਨਤੀਆਂ ਮੱਤੀ 6:9-13 ਵਿੱਚ ਪ੍ਰਭੂ ਦੀ ਪ੍ਰਾਰਥਨਾ ਵਿੱਚ ਸ਼ਾਮਲ ਹਨ। ਪ੍ਰਾਰਥਨਾ ਤੁਹਾਡਾ ਵਿਸ਼ੇਸ਼ ਅਧਿਕਾਰ ਹੈ ਅਤੇ ਜੀਉਂਦੇ ਪਰਮੇਸ਼ੁਰ ਨਾਲ ਗੱਲ ਕਰਨ ਦਾ ਮੌਕਾ ਹੈ। *"ਯਹੋਵਾਹ ਦੀਆਂ ਅੱਖੀਆਂ ਧਰਮੀਆਂ ਉੱਤੇ, ਅਤੇ ਉਹ ਦੇ ਕੰਨ ਉਨ੍ਹਾਂ ਦੀ ਦੁਹਾਈ ਵੱਲ ਹਨ,"* ਜ਼ਬੂਰ 34:15. *"ਹਰ ਇੱਕ ਸੰਤ ਤੇਰੇ ਅੱਗੇ ਪ੍ਰਾਰਥਨਾ ਕਰੇ,"* ਜ਼ਬੂਰ 32:6.

**ਮੈਨੂੰ ਕਿੱਥੇ ਪ੍ਰਾਰਥਨਾ ਕਰਨੀ ਚਾਹੀਦੀ ਹੈ?** ਭਵਨਾਂ ਅਤੇ ਸਭਾਵਾਂ ਵਿੱਚ ਪ੍ਰਾਰਥਨਾ ਕਰਨਾ ਚੰਗਾ ਹੈ। ਪਰ, ਯਿਸੂ ਨੇ ਕਿਹਾ, *"ਪਰਮੇਸ਼ੁਰ ਆਤਮਾ ਹੈ ਅਤੇ ਜੋ ਉਹ ਦੀ ਭਗਤੀ ਕਰਦੇ ਹਨ ਉਨ੍ਹਾਂ ਨੂੰ ਚਾਹੀਦਾ ਹੈ ਭਈ ਓਹ ਆਤਮਾ ਅਤੇ ਸਚਿਆਈ ਨਾਲ ਭਗਤੀ ਕਰਨ,"* ਯੂਹੰਨਾ 4:24. ਪ੍ਰਭਾਵਸ਼ਾਲੀ ਪ੍ਰਾਰਥਨਾ ਤੁਹਾਡੇ ਸਥਾਨ 'ਤੇ ਨਿਰਭਰ ਨਹੀਂ ਕਰਦੀ। ਯਿਸੂ ਨੇ ਕਿਹਾ, *"ਅਤੇ ਜਾਂ ਤੁਸੀਂ ਪ੍ਰਾਰਥਨਾ ਕਰੋ ਤਾਂ ਕਪਟੀਆਂ ਵਾਂਙੁ ਨਾ ਹੋ ਕਿਉਂ ਜੋ ਓਹ ਸਮਾਜਾਂ ਅਤੇ ਚੌਕਾਂ ਦੇ ਖੂੰਜਿਆਂ ਵਿੱਚ ਖੜੇ ਹੋਕੇ ਪ੍ਰਾਰਥਨਾ ਕਰਨੀ ਪਸਿੰਦ ਕਰਦੇ ਹਨ ਜੋ ਮਨੁੱਖ ਉਨ੍ਹਾਂ ਨੂੰ ਵੇਖਣ। ਮੈਂ ਤੁਹਾਨੂੰ ਸਤ ਆਖਦਾ ਹਾਂ ਜੋ ਓਹ ਆਪਣਾ ਫਲ ਪਾ ਚੁੱਕੇ ਪਰ ਜਾਂ ਤੂੰ ਪ੍ਰਾਰਥਨਾ ਕਰੇਂ ਤਾਂ ਆਪਣੀ ਕੋਠੜੀ ਵਿੱਚ ਵੜ ਅਤੇ ਆਪਣਾ ਬੂਹਾ ਭੇੜ ਕੇ ਆਪਣੇ ਪਿਤਾ ਤੋਂ ਜਿਹੜਾ ਗੁਪਤ ਹੈ ਪ੍ਰਾਰਥਨਾ ਕਰ ਅਤੇ ਤੇਰਾ ਪਿਤਾ ਜਿਹੜਾ ਗੁਪਤ ਵਿੱਚ ਵੇਖਦਾ ਹੈ ਤੈਨੂੰ ਫਲ ਦੇਵੇਗਾ,"* ਮੱਤੀ 6:5-6. ਪ੍ਰਭਾਵਸ਼ਾਲੀ ਪ੍ਰਾਰਥਨਾ ਇਸ ਗੱਲ 'ਤੇ ਨਿਰਭਰ ਨਹੀਂ ਕਰਦੀ ਕਿ ਤੁਸੀਂ ਕਿੱਥੇ ਪ੍ਰਾਰਥਨਾ ਕਰਦੇ ਹੋ। ਇਹ ਤੁਹਾਡੇ ਦਿਲ ਦੀ ਹਾਲਤ 'ਤੇ ਨਿਰਭਰ ਕਰਦੀ ਹੈ। ਲੋਕਾਂ ਵਿੱਚ ਪ੍ਰਾਰਥਨਾ ਕਰੋ। ਗੁਪਤ ਵਿੱਚ ਪ੍ਰਾਰਥਨਾ ਕਰੋ।

**ਕੀ ਮੈਨੂੰ ਗੋਡੇ ਟੇਕ ਕੇ ਪ੍ਰਾਰਥਨਾ ਕਰਨੀ ਚਾਹੀਦੀ ਹੈ?** ਯਿਸੂ, ਪੌਲੁਸ ਅਤੇ ਦਾਨੀਏਲ ਨੇ ਗੋਡੇ ਟੇਕ ਕੇ ਪ੍ਰਾਰਥਨਾ ਕੀਤੀ, ਲੂਕਾ 22:41, ਰਸੂਲਾਂ ਦੇ ਕਰਤੱਬ 20:36 ਅਤੇ ਦਾਨੀਏਲ 6:10. ਗੋਡੇ ਟੇਕ ਕੇ ਪ੍ਰਾਰਥਨਾ ਕਰੋ। ਪਰ, ਬਾਈਬਲ ਵਿੱਚ ਹੋਰ ਲੋਕਾਂ ਨੇ ਖੜ੍ਹੇ ਹੋ ਕੇ, ਅਸਮਾਨ ਦੀ ਵੱਲ ਵੇਖਦੇ ਹੋਏ, ਹੱਥ ਪਸਾਰ ਕੇ ਜਾਂ ਹੱਥ ਫੈਲਾਉਂਦੇ ਹੋਏ, ਜ਼ਮੀਨ ਉੱਤੇ ਝੁਕ ਕੇ ਅਤੇ ਕੰਧ ਵੱਲ ਮੂੰਹ ਕਰਕੇ ਪ੍ਰਾਰਥਨਾ ਕੀਤੀ। ਪ੍ਰਾਰਥਨਾ ਵਿੱਚ ਸਰੀਰ ਦੀ ਮੁਦਰਾ ਸਿਰਫ਼ ਇਸ ਲਈ ਅਰਥਪੂਰਨ ਹੈ ਕਿਉਂਕਿ ਇਹ ਤੁਹਾਡੇ ਦਿਲ ਦੀ ਹਾਲਤ ਨੂੰ ਦਰਸਾਉਂਦੀ ਹੈ।

**ਮੈਨੂੰ ਕਿਵੇਂ ਪ੍ਰਾਰਥਨਾ ਕਰਨੀ ਚਾਹੀਦੀ ਹੈ?** ਪ੍ਰਾਰਥਨਾ ਦਾ *ਕਿਵੇਂ* (ਤਰੀਕਾ) ਓਨਾ ਹੀ ਮਹੱਤਵਪੂਰਣ ਹੈ, ਜਾਂ ਉਸ ਤੋਂ ਵੀ ਜ਼ਿਆਦਾ ਮਹੱਤਵਪੂਰਣ ਹੈ ਜਿੰਨਾ ਕਿ ਪ੍ਰਾਰਥਨਾ ਦਾ *ਕੀ* (ਵਿਸ਼ਾ)। ਬਾਈਬਲ ਦੇ ਅਨੁਸਾਰ, ਪ੍ਰਾਰਥਨਾ ਪਰਮੇਸ਼ੁਰ ਦੇ ਸਾਹਮਣੇ ਆਪਣੇ ਦਿਲ ਦੀਆਂ ਭਾਵਨਾਵਾਂ ਨੂੰ ਖੁੱਲ੍ਹ ਕੇ ਅਤੇ ਸੱਚੇ ਦਿਲ ਨਾਲ ਵਿਅਕਤ ਕਰਨਾ ਹੈ। ਪ੍ਰਾਰਥਨਾ ਕਰਨ, ਜਾਂ ਕਹਿਣ ਲਈ ਸ਼ਬਦਾਂ, ਜਾਂ ਵਾਕਾਂ ਦੇ ਕੋਈ ਖ਼ਾਸ ਸੁਮੇਲ ਨਹੀਂ ਹਨ ਜੋ ਪਰਮੇਸ਼ੁਰ ਨੂੰ ਤੁਹਾਨੂੰ ਉਹ ਦੇਣ ਲਈ ਮਜਬੂਰ ਕਰਦੇ ਹਨ ਜੋ ਤੁਸੀਂ ਪਰਮੇਸ਼ੁਰ ਤੋਂ ਮੰਗਦੇ ਹੋ। ਬਾਈਬਲ ਦੀਆਂ ਹਦਾਇਤਾਂ ਅਤੇ ਉਦਾਹਰਣਾਂ ਵਿੱਚ ਇਸ ਤਰ੍ਹਾਂ ਪ੍ਰਾਰਥਨਾ ਕਰਨਾ ਸ਼ਾਮਲ ਹੈ:

ਧੰਨਵਾਦੀ ਦਿਲ ਨਾਲ, 1 ਥੱਸਲੁਨੀਕੀਆਂ 5:18.

ਦਿਲੋਂ, ਰਟੀ-ਰਟਾਈ ਨਹੀਂ, ਯਸਾਯਾਹ 29:13.

ਵਿਅਰਥ ਦੁਹਰਾਏ ਬਿਨਾਂ, ਮੱਤੀ 6:7.

ਖੁੱਲ੍ਹ ਕੇ, ਸਿੱਧੀ ਅਤੇ ਸੱਚੇ ਮਨ ਨਾਲ, ਯਸਾਯਾਹ 37:14-17.

ਭਗਤੀ ਅਤੇ ਦ੍ਰਿੜ੍ਹਤਾ ਨਾਲ, ਕੁਲੁੱਸੀਆਂ 4:2, ਲੂਕਾ 11:5-10, 18:1-8.

ਲਗਾਤਾਰ, ਨਿੱਤ, 1 ਥੱਸਲੁਨੀਕੀਆਂ 5:17.

ਵੱਡੇ ਜਤਨ ਨਾਲ, ਰੋਮੀਆਂ 15:30.

ਦੂਜੇ ਵਿਸ਼ਵਾਸੀਆਂ ਨਾਲ ਮਿਲ ਕੇ, ਮੱਤੀ 18:19-20, 1 ਤਿਮੋਥਿਉਸ 2:8.

ਨਿਹਚਾ ਨਾਲ, ਯਾਕੂਬ 1:6-7, ਇਬਰਾਨੀਆਂ 11:6.

ਪਰਮੇਸ਼ੁਰ ਦੀ ਇੱਛਾ ਅਨੁਸਾਰ, ਯੂਹੰਨਾ 15:7, 1 ਯੂਹੰਨਾ 5:14-15.

ਪਰਮੇਸ਼ੁਰ ਦੇ ਨੁਮਾਇੰਦੇ ਵਜੋਂ ਪਰਮੇਸ਼ੁਰ ਦੀ ਇੱਛਾ ਅਨੁਸਾਰ ਯਿਸੂ ਦੇ ਨਾਮ ਵਿੱਚ, ਯੂਹੰਨਾ 14:13, 15:16.

**ਮੈਨੂੰ ਕਿਸ ਚੀਜ਼ ਦੇ ਲਈ ਪ੍ਰਾਰਥਨਾ ਕਰਨੀ ਚਾਹੀਦੀ ਹੈ?** ਪ੍ਰਭੂ ਦੀ ਪ੍ਰਾਰਥਨਾ ਵਿੱਚ, ਯਿਸੂ ਨੇ ਆਪਣੇ ਚੇਲਿਆਂ ਨੂੰ ਉਨ੍ਹਾਂ ਦੀਆਂ ਰੋਜ਼ ਦੀਆਂ ਸਰੀਰਕ ਅਤੇ ਆਤਮਕ ਜ਼ਰੂਰਤਾਂ ਲਈ ਪ੍ਰਾਰਥਨਾ ਕਰਨੀ ਸਿਖਾਈ। ਯੂਹੰਨਾ 17 ਵਿੱਚ ਆਪਣੀ ਪ੍ਰਾਰਥਨਾ ਵਿੱਚ, ਯਿਸੂ ਨੇ ਆਪਣੇ ਲਈ, ਆਪਣੇ ਚੇਲਿਆਂ ਲਈ ਅਤੇ ਜਗਤ ਲਈ ਪ੍ਰਾਰਥਨਾ ਕੀਤੀ। ਯਿਸੂ ਨੇ ਵਾਅਦਾ ਕੀਤਾ ਕਿ ਉਸ ਦੀ ਇੱਛਾ ਦੇ ਅਨੁਸਾਰ, ਉਸ ਦੇ ਨਾਮ ਵਿੱਚ ਪਿਤਾ ਅੱਗੇ ਕੀਤੀ ਗਈ ਵਫ਼ਾਦਾਰ ਪ੍ਰਾਰਥਨਾ ਦਾ ਉੱਤਰ ਜ਼ਰੂਰ ਮਿਲੇਗਾ, ਯੂਹੰਨਾ 15:7,16, 16:23, 1 ਯੂਹੰਨਾ 5:14-15. ਤੁਹਾਨੂੰ ਕਿਸ ਚੀਜ਼ ਦੇ ਲਈ ਪ੍ਰਾਰਥਨਾ ਕਰਨੀ ਚਾਹੀਦੀ ਹੈ ਇਸ ਬਾਰੇ ਬਾਈਬਲ ਦੀਆਂ ਹੋਰ ਹਦਾਇਤਾਂ ਅਤੇ ਉਦਾਹਰਣਾਂ ਵਿੱਚ ਇਹ ਸ਼ਾਮਲ ਹਨ:

ਬੁੱਧ ਲਈ, ਯਾਕੂਬ 1:5, 2 ਇਤਹਾਸ 1:7-12.

ਆਤਮਕ ਖੁਸ਼ਹਾਲੀ ਲਈ, ਕੁਲੁੱਸੀਆਂ 1:9-12.

ਉਨ੍ਹਾਂ ਲਈ ਜਿਹੜੇ ਤੁਹਾਡੇ ਨਾਲ ਬੁਰਾ ਵਿਹਾਰ ਕਰਦੇ ਹਨ, ਲੂਕਾ 6:28.

ਚੰਗਿਆਈ ਸੰਭਵ ਹੈ, ਯਾਕੂਬ 5:14-15, ਪਰ ਸਾਰਿਆਂ ਲਈ ਨਹੀਂ, 2 ਕੁਰਿੰਥੀਆਂ 12:7-9.

ਇੱਕ ਦੂਜੇ ਲਈ, ਅਫ਼ਸੀਆਂ 6:18, ਯਾਕੂਬ 5:16.

ਤੁਹਾਡੀ ਸਰਕਾਰ ਲਈ, 1 ਤਿਮੋਥਿਉਸ 2:1-2.

ਤੁਹਾਡੀ ਰੋਟੀ ਲਈ, ਮੱਤੀ 6:11, ਮਰਕੁਸ 6:41, 8:6-7.

ਉਨ੍ਹਾਂ ਲਈ ਜਿਨ੍ਹਾਂ ਨੂੰ ਮਸੀਹ ਦੀ ਲੋੜ ਹੈ, ਰੋਮੀਆਂ 10:1.

ਖੁਸ਼ਖ਼ਬਰੀ ਦਾ ਪਰਚਾਰ ਕਰਨ ਵਾਸਤੇ ਵਾਢਿਆਂ ਲਈ, ਮੱਤੀ 9:37-38.

ਖੁਸ਼ਖ਼ਬਰੀ ਵਾਸਤੇ ਲਈ ਦਰਵਾਜ਼ੇ ਖੁੱਲ੍ਹਣ ਦੇ ਲਈ, ਕੁਲੁੱਸੀਆਂ 4:3-4.

**ਪਰਮੇਸ਼ੁਰ ਤੁਹਾਡੀਆਂ ਪ੍ਰਾਰਥਨਾਵਾਂ ਸੁਣਦਾ ਹੈ ਅਤੇ ਉਨ੍ਹਾਂ ਪ੍ਰਾਰਥਨਾਵਾਂ ਦਾ ਉੱਤਰ ਦਿੰਦਾ ਹੈ।** ਪ੍ਰਾਰਥਨਾ ਲਈ ਪਰਮੇਸ਼ੁਰ ਦੀਆਂ ਸ਼ਰਤਾਂ ਨੂੰ ਪੂਰਾ ਕਰੋ ਅਤੇ ਉਹ ਤੁਹਾਨੂੰ ਉੱਤਰ ਦੇਵੇਗਾ। ਪਰਮੇਸ਼ੁਰ ਦਾ ਉੱਤਰ *ਹਾਂ, ਇੱਕ ਦੇਰੀ ਨਾਲ ਮਿਲਣ ਵਾਲੀ ਹਾਂ*, ਜਾਂ ਇੱਕ *ਨਾਂਹ ਹੋ ਸਕਦਾ ਹੈ।* ਪਰਮੇਸ਼ੁਰ ਤੁਹਾਨੂੰ ਤੁਹਾਡੇ ਮੰਗਣ ਜਾਂ ਸੋਚਣ ਨਾਲੋਂ ਵੱਧ ਦੇ ਸਕਦਾ ਹੈ, ਅਫ਼ਸੀਆਂ 3:20. ਪਰਮੇਸ਼ੁਰ ਦੀ ਦੇਰੀ ਵਾਲੀ ਹਾਂ ਤੁਹਾਨੂੰ ਤਿਆਰ ਕਰਨ ਜਾਂ ਦੂਜਿਆਂ ਨੂੰ ਪਰਮੇਸ਼ੁਰ ਦੇ ਉੱਤਰ ਲਈ ਤਿਆਰ ਕਰਨ ਲਈ ਹੋ ਸਕਦੀ ਹੈ। ਜਾਂ ਪਰਮੇਸ਼ੁਰ ਦਾ ਉੱਤਰ ਇੱਕ ਅੰਤਮ *ਨਾਂਹ ਹੋ ਸਕਦਾ ਹੈ।* ਪਰਮੇਸ਼ੁਰ ਉੱਤੇ ਨਿਹਚਾ ਰੱਖਦੇ ਹੋਏ ਅਤੇ ਉਸ ਦੇ ਉੱਤਰਾਂ 'ਤੇ ਪੂਰਾ ਭਰੋਸਾ ਰੱਖਦੇ ਹੋਏ ਪ੍ਰਾਰਥਨਾ ਕਰੋ।

ਤੁਹਾਡੀ ਨੀਅਤ ਮਾਇਨੇ ਰੱਖਦੀ ਹੈ। *"ਤੁਸੀਂ ਮੰਗਦੇ ਹੋ ਪਰ ਲੱਭਦਾ ਨਹੀਂ ਕਿਉਂ ਜੋ ਬਦਨੀਤੀ ਨਾਲ ਮੰਗਦੇ ਹੋ ਭਈ ਆਪਣਿਆਂ ਭੋਗ ਬਿਲਾਸਾਂ ਵਿੱਚ ਉਡਾ ਦਿਓ,"* ਯਾਕੂਬ 4:3.

ਪਤੀਓ, ਆਪਣੀ ਪਤਨੀ ਨਾਲ ਚੰਗਾ ਵਿਹਾਰ ਕਰੋ। ਬਾਈਬਲ ਸਿਖਾਉਂਦੀ ਹੈ ਕਿ ਇੱਕ ਪਤੀ ਨੇ ਆਪਣੀ ਪਤਨੀ ਨੂੰ ਉਸੇ ਤਰ੍ਹਾਂ ਪਿਆਰ ਕਰਨਾ ਹੈ ਜਿਵੇਂ ਮਸੀਹ ਕਲੀਸੀਆ ਨੂੰ ਪਿਆਰ ਕਰਦਾ ਹੈ, ਉਸ ਦੀ ਕਦਰ ਕਰਨੀ ਹੈ, ਉਸ ਨੂੰ ਸਮਝਣਾ ਹੈ ਅਤੇ ਜੀਵਨ ਦੀ ਬਖ਼ਸ਼ੀਸ਼ ਦੇ ਸਾਂਝੇ ਅਧਕਾਰੀ ਵਜੋਂ ਉਸ ਦਾ ਆਦਰ ਕਰਨਾ ਹੈ, *"ਤਾਂ ਜੋ ਤੁਹਾਡੀਆਂ ਪ੍ਰਾਰਥਨਾਂ ਰੁਕ ਨਾ ਜਾਣ,"* 1 ਪਤਰਸ 3:7.

ਦੂਜਿਆਂ ਨੂੰ ਮਾਫ਼ ਕਰੋ। ਮਾਫ਼ ਨਾ ਕਰਨਾ ਤੁਹਾਡੀਆਂ ਪ੍ਰਾਰਥਨਾਵਾਂ ਵਿੱਚ ਰੁਕਾਵਟ ਪਾਉਂਦਾ ਹੈ। ਦੂਜਿਆਂ ਨੂੰ ਮਾਫ਼ ਕਰਨਾ ਇਹ ਦਰਸਾਉਂਦਾ ਹੈ ਕਿ ਤੁਹਾਨੂੰ ਪਰਮੇਸ਼ੁਰ ਤੋਂ ਕਿਸ ਤਰ੍ਹਾਂ ਦੀ ਮਾਫ਼ੀ ਦੀ ਉਮੀਦ ਕਰਨੀ ਚਾਹੀਦੀ ਹੈ, ਮਰਕੁਸ 11:25, ਮੱਤੀ 5:23-24, 6:12-15. ਧਰਮੀ ਬਣੋ।

ਪਰਮੇਸ਼ੁਰ ਦੇ ਸਨਮੁਖ ਆਤਮਕ ਤੌਰ 'ਤੇ ਸ਼ੁੱਧ ਰਹੋ ਅਤੇ ਫਿਰ ਤੁਹਾਡੀਆਂ ਪ੍ਰਾਰਥਨਾਵਾਂ ਬਹੁਤ ਕੁਝ ਪੂਰਾ ਕਰ ਸਕਦੀਆਂ ਹਨ। *"ਸਚਿਆਰਾਂ ਦੀ ਪ੍ਰਾਰਥਨਾ ਤੋਂ ਉਹ ਪਰਸੰਨ ਹੁੰਦਾ ਹੈ,"* ਕਹਾਉਤਾਂ 15:8. ਪਰ, ਜੇਕਰ ਕੋਈ ਪਰਮੇਸ਼ੁਰ ਦੀ ਬਿਵਸਥਾ ਤੋਂ ਮੂੰਹ ਫੇਰ ਲੈਂਦਾ ਹੈ, *"ਉਹ ਦੀ ਪ੍ਰਾਰਥਨਾ ਵੀ ਘਿਣਾਉਣੀ ਹੁੰਦੀ ਹੈ,"* ਕਹਾਉਤਾਂ 28:9. ਪਰਮੇਸ਼ੁਰ ਤੁਹਾਡੀ ਰੱਖਿਆ ਕਰਦਾ ਹੈ, ਤੁਹਾਨੂੰ ਤਿਆਰ ਕਰਦਾ ਹੈ ਅਤੇ ਸੰਪੂਰਨ ਕਰਦਾ ਹੈ। ਇਨਕਾਰ ਅਤੇ ਦੇਰੀਆਂ ਤੁਹਾਡੇ ਭਲੇ ਲਈ ਹੋ ਸਕਦੀਆਂ ਹਨ।

ਪਰਮੇਸ਼ੁਰ ਤੁਹਾਡੀ ਉਦੋਂ ਵੀ ਰੱਖਿਆ ਕਰਦਾ ਹੈ ਜਦੋਂ ਤੁਸੀਂ ਇਹ ਵੀ ਨਹੀਂ ਜਾਣਦੇ ਹੁੰਦੇ ਕਿ ਜੋ ਤੁਸੀਂ ਮੰਗ ਰਹੇ ਹੋ ਉਹ ਤੁਹਾਨੂੰ ਨੁਕਸਾਨ ਪਹੁੰਚਾਵੇਗਾ। ਪਰਮੇਸ਼ੁਰ ਤੁਹਾਨੂੰ ਤੁਹਾਡੇ ਨਾਲੋਂ ਵੀ ਬਿਹਤਰ ਜਾਣਦਾ ਹੈ। ਕਈ ਵਾਰ, ਪਰਮੇਸ਼ੁਰ ਇਸ ਲਈ ਨਾਂਹ ਕਹਿੰਦਾ ਹੈ ਕਿਉਂਕਿ ਉਹ ਤੁਹਾਡਾ ਭਵਿੱਖ ਜਾਣਦਾ ਹੈ ਅਤੇ ਇਹ ਵੀ ਜਾਣਦਾ ਹੈ ਕਿ ਤੁਹਾਡੇ ਲਈ ਸਭ ਤੋਂ ਉੱਤਮ ਕੀ ਹੈ। ਕਈ ਵਾਰ ਪਰਮੇਸ਼ੁਰ ਦੁਆਰਾ ਕੀਤੀ ਗਈ ਦੇਰੀ ਤੁਹਾਨੂੰ ਪਰਮੇਸ਼ੁਰ ਦੇ ਉੱਤਰ ਲਈ ਤਿਆਰ ਹੋਣ ਦਾ ਸਮਾਂ ਦੇਣ ਲਈ ਹੁੰਦੀ ਹੈ। ਕਈ ਵਾਰ ਪਰਮੇਸ਼ੁਰ ਦੇ ਇਨਕਾਰ ਅਤੇ ਦੇਰੀਆਂ ਤੁਹਾਡੀ ਨਿਹਚਾ ਨੂੰ ਮਜ਼ਬੂਤ ਕਰਨ ਲਈ ਹੁੰਦੀਆਂ ਹਨ। ਨਿਹਚਾ ਅਤੇ ਧੰਨਵਾਦ ਨਾਲ ਪਰਮੇਸ਼ੁਰ ਦੇ ਉੱਤਰਾਂ ਨੂੰ ਸਵੀਕਾਰ ਕਰੋ। ਪਰਮੇਸ਼ੁਰ ਜਾਣਦਾ ਹੈ ਕਿ ਉਹ ਕੀ ਕਰ ਰਿਹਾ ਹੈ। ਪਰਮੇਸ਼ੁਰ ਨਾਲ ਗੱਲ ਕਰੋ। ਪਰਮੇਸ਼ੁਰ ਸੁਣ ਰਿਹਾ ਹੈ। ਪ੍ਰਾਰਥਨਾ ਕਰੋ!

**"ਹਰ ਹਾਲ ਵਿੱਚ ਧੰਨਵਾਦ ਕਰੋ ਕਿਉਂ ਜੋ ਤੁਹਾਡੇ ਲਈ ਮਸੀਹ ਯਿਸੂ ਵਿੱਚ ਪਰਮੇਸ਼ੁਰ ਦੀ ਇਹੋ ਇੱਛਿਆ ਹੈ।" 1 ਥੱਸਲੁਨੀਕੀਆਂ 5:18**

---

*ਮੈਂ ਕਿਵੇਂ ਪ੍ਰਾਰਥਨਾ ਕਰਾਂ?* © 2026 ਜੌਨ ਡੀ. ਮੌਰਿਸ III ਦੁਆਰਾ ਐਕਟਸ ਵਨ ਏਟ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ। ਤੁਸੀਂ ਇਸ ਪੂਰੇ ਕਥਨ ਨੂੰ ਸ਼ਾਮਲ ਕਰਕੇ ਇਸ ਸਮੱਗਰੀ ਨੂੰ ਬਿਨਾਂ ਕੋਈ ਬਦਲਾਅ ਕੀਤੇ ਮੁਫ਼ਤ ਵਿੱਚ ਛਪਵਾ ਸਕਦੇ ਹੋ ਜਾਂ ਕਾਪੀ, ਪੋਸਟ, ਈਮੇਲ ਜਾਂ ਸੰਦੇਸ਼ ਦੇ ਰੂਪ ਵਿੱਚ ਭੇਜ ਸਕਦੇ ਹੋ। ਤੁਸੀਂ ਪਹਿਲੇ ਪੰਨੇ ਦੇ ਸਭ ਤੋਂ ਉੱਪਰ ਆਪਣੀ ਸੇਵਕਾਈ ਜਾਂ ਚਰਚ ਦਾ ਨਾਮ ਜਾਂ ਲੋਗੋ ਲਗਾ ਸਕਦੇ ਹੋ ਅਤੇ ਦੂਜੇ ਪੰਨੇ ਦੇ ਹੇਠਾਂ ਮੋਟੀ ਲਕੀਰ ਦੇ ਉੱਪਰ ਆਪਣੀ ਸੰਪਰਕ ਜਾਣਕਾਰੀ ਦੇ ਸਕਦੇ ਹੋ। Prayer316 ਸਿਰਫ਼ ਬਾਈਬਲ 'ਤੇ ਆਧਾਰਤ ਹੈ। ਇਸ ਦਾ ਉਦੇਸ਼ ਲੋਕਾਂ ਨੂੰ ਪ੍ਰਾਰਥਨਾ ਕਰਨ ਅਤੇ ਪਰਮੇਸ਼ੁਰ ਨਾਲ ਆਪਣੇ ਰਿਸ਼ਤੇ ਵਿੱਚ ਅੱਗੇ ਵਧਣ ਵਿੱਚ ਮਦਦ ਕਰਨਾ ਹੈ। ਤੁਸੀਂ (ਜੇ ਸੰਭਵ ਹੋਵੇ ਤਾਂ ਪੰਜਾਬੀ ਵਿੱਚ) ਐਕਟਸ ਵਨ ਏਟ ਨੂੰ ਇਸ ਪਤੇ 'ਤੇ ਈਮੇਲ ਕਰ *Hello@Mail316.org*.ਅਨੁਵਾਦ ਸੇਵਾਵਾਂ www.ChristianLingua.com ਦੁਆਰਾ ਪ੍ਰਦਾਨ ਕੀਤੀਆਂ ਗਈਆਂ ਸਨ। *ਮੈਂ ਕਿਵੇਂ ਪ੍ਰਾਰਥਨਾ ਕਰਾਂ? www.Sacrifice316.org* 'ਤੇ 48 ਭਾਸ਼ਾਵਾਂ ਵਿੱਚ ਮੁਫ਼ਤ ਉਪਲਬਧ ਹੈ। ਅੰਗਰੇਜ਼ੀ ਸੰਸਕਰਣ ਵਿੱਚ ਦਿੱਤੇ ਗਏ ਹਵਾਲੇ ਦ ਲੋਕਮੈਨ ਫਾਊਂਡੇਸ਼ਨਜ ਨਿਊ ਅਮਰੀਕਨ ਸਟੈਂਡਰਡ ਬਾਈਬਲ 1995 ਵਿੱਚੋਂ ਹਨ। ਇਸ ਅਨੁਵਾਦ ਵਿੱਚ ਬਾਈਬਲ ਦੇ ਹਵਾਲੇ ਦ ਬਾਈਬਲ ਸੋਸਾਇਟੀ ਆਫ਼ ਇੰਡੀਆ ਪੰਜਾਬੀ ਬਾਈਬਲ (ਪੁਰਾਣਾ ਅਨੁਵਾਦ) ਵਿੱਚੋਂ ਲਏ ਗਏ ਹਨ।